# ਸ਼ਹੀਦ ਚੰਦਰ ਸ਼ੇਖਰ ਅਜ਼ਾਦ ਨੂੰ ਸਮਰਪਿਤ ਵਿਚਾਰ-ਚਰਚਾ

27 ਫਰਵਰੀ ਨੂੰ ਸ਼ਹੀਦ ਚੰਦਰ ਸ਼ੇਖਰ ਅਜ਼ਾਦ ਦੇ ਸ਼ਹੀਦੀ ਦਿਨ ਮੌਕੇ ਨੌਜਵਾਨ ਭਾਰਤ ਸਭਾ ਵੱਲੋਂ ਜਿਲ੍ਹਾ ਸਿਰਸਾ ਦੇ ਪਿੰਡ ਭੜੋਲਿਆਂਵਾਲੀ ਵਿਖੇ 1 ਮਾਰਚ 2017 (ਬੁੱਧਵਾਰ) ਨੂੰ 'ਸ਼ਹੀਦ ਚੰਦਰ ਸ਼ੇਖਰ ਅਜ਼ਾਦ ਦੀ ਇਨਕਲਾਬੀ ਵਿਰਾਸਤ ਅਤੇ ਮੌਜੂਦਾ ਸਮੇਂ 'ਚ ਨੌਜਵਾਨਾਂ ਨੂੰ ਦਰਪੇਸ਼ ਚੁਣਤੀਆਂ' ਵਿਸ਼ੇ 'ਤੇ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸਾਥੀ ਅਮਨ ਨੇ ਸ਼ਹੀਦ ਚੰਦਰ ਸ਼ੇਖਰ ਅਜ਼ਾਦ ਦੇ ਜੀਵਨ ਬਾਰੇ ਨੌਜਵਾਨਾਂ ਨੂੰ ਦੱਸਿਆ ਕਿ ਅਜ਼ਾਦ ਦਾ ਜਨਮ ਬੇਹੱਦ ਗਰੀਬੀ, ਅਨਪੜ੍ਹਤਾ ਅਤੇ ਧਾਰਮਿਕ ਕਟੜਤਾ ਦੇ ਮਾਹੌਲ ਵਿਚ ਹੋਇਆ ਅਤੇ ਕਿਸ ਤਰਾਂ ਆਪਣੇ ਸਮੇਂ ਦੇ ਸਿਆਸੀ ਘੋਲ਼ਾਂ ਅਤੇ ਜ਼ਿਦਗੀ ਦੇ ਸੰਘਰਸ਼ਾਂ ਤੋਂ ਸਿਖਦੇ ਹੋਏ ਉਹ ਇਕ ਦ੍ਰਿੜ੍ਹ, ਵਿਚਾਰਵਾਨ ਇਨਕਲਾਬੀ ਬਣੇ। ਅੱਜ ਵੀ ਸਾਡੇ ਦੇਸ਼ ਵਿਚ ਬੇਹਦ ਗਰੀਬੀ ਅਤੇ ਧਾਰਮਿਕ ਕਟੜਤਾ ਦਾ ਮਾਹੌਲ ਹੈ, ਆਪਣੇ ਇਨਕਲਾਬੀ ਆਦਰਸ਼ਾਂ ਵੱਲ਼ ਅੱਗੇ ਵਧਣ ਲਈ ਸ਼ਹੀਦ ਚੰਦਰ ਸ਼ੇਖਰ ਅਜ਼ਾਦ ਦਾ ਜੀਵਨ ਸੰਘਰਸ਼ ਅੱਜ ਵੀ ਨੌਜਵਾਨਾਂ ਲਈ ਪ੍ਰੇਰਨਾ ਸ੍ਰੋਤ ਹੈ। ਇਸ ਤੋਂ ਬਾਅਦ ਨੌਜਵਾਨਾਂ ਨਾਲ਼ ਮੌਜੂਦਾ ਸਮਸਿਆਵਾਂ 'ਤੇ ਗੱਲ ਕੀਤੀ ਗਈ ਕਿ ਕਿਸ ਤਰਾਂ ਦੇਸ਼ ਵਿਚ ਲਗਾਤਾਰ ਅਮੀਰ ਗਰੀਬ ਵਿਚ ਪਾੜਾ ਵਧ ਰਿਹਾ ਹੈ, ਸਿਖਿਆ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ, ਬੇਰੁਜ਼ਗਾਰੀ ਆਪਣੇ ਸਿਖਰ 'ਤੇ ਹੈ, ਕੁਝ ਕੁ ਲੋਕਾਂ ਦੇ ਮੁਨਾਫ਼ੇ ਲਈ ਬਹੁਗਿਣਤੀ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚ ਧਕ ਦਿੱਤਾ ਗਿਆ ਹੈ, ਜਾਤ-ਪਾਤੀ ਮਾਨਸਿਕਤਾ, ਪੋਰਨੋਗ੍ਰਾਫੀ-ਔਰਤ ਵਿਰੋਧੀ ਮਾਨਸਿਕਤਾ ਦੇ ਪ੍ਰਚਾਰ-ਪ੍ਰਸਾਰ ਵਿਚ ਮੌਜੂਦਾ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡਿਆ ਕੋਈ ਕਸਰ ਨਹੀਂ ਛਡ ਰਿਹਾ। ਇਹਨਾਂ ਸਾਰੀਆਂ ਸਮਸਿਆਵਾਂ ਖਿਲਾਫ਼ ਲੜਦੇ ਹੋਏ ਇਕ ਬਿਹਤਰ ਸਮਾਜਕ ਪ੍ਰਬੰਧ ਦੀ ਉਸਾਰੀ ਲਈ ਜਥੇਬੰਦ ਹੋ ਕੇ ਅੱਗੇ ਵਧਣਾ ਹੀ ਸ਼ਹੀਦ ਚੰਦਰਸ਼ੇਖਰ ਅਜ਼ਾਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸਾਰੇ ਨੌਜਵਾਨਾਂ ਨੂੰ ਸ਼ਹੀਦਾਂ ਦੇ ਅਧੂਰੇ ਸੁਫਨਿਆਂ ਨੂੰ ਪੂਰਾ ਕਰਨ ਲਈ ਅੱਗੇ ਆਉਣ ਤੇ ਨੌਭਾਸ ਦਾ ਮੰਬਰ ਬਣਨ ਦਾ ਸੱਦਾ ਦਿੱਤਾ ਗਿਆ।

"ਲਲਕਾਰ – ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦੀ ਮੈਗਜ਼ੀਨ", ਅੰਕ 3, ਸਾਲ 6, 16 ਤੋਂ 31 ਮਾਰਚ, 2017 ਵਿੱਚ ਪ੍ਰਕਾਸ਼ਤ